## 6

### ਸਵਾਲ:

# ''ਅਸੀਂ ਨਵੇਂ ਨੇਮ ਦੀ ਕਲੀਸੀਆ ਨੂੰ ਕਿਵੇਂ ਪਛਾਣ ਸਕਦੇ ਹਾਂ''

### ਜਵਾਬ:

ਜੇ ਮੁਕਤੀ ਸਿਰਫ਼ ਸਾਡੇ ਸ਼ੁੱਭ ਅਤੇ ਨੈਤਿਕ ਕਰਮਾਂ ਨਾਲ ਹੀ ਹੁੰਦੀ ਹੈ ਤਾਂ ਨਵੇਂ ਨੇਮ ਦੀ ਕਲੀਸੀਆ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰਨਾ ਵਕਤ ਬਰਬਾਦ ਕਰਨਾ ਹੋਵੇਗਾ। ਕਲੀਸੀਆ ਦੀ ਸਥਾਪਨਾ ਤੋਂ ਪਹਿਲਾਂ ਕੁਝ ਲੋਕਾਂ ਦਾ ਨੈਤਿਕ ਪੱਧਰ ਬਹੁਤ ਉੱਚਾ ਸੀ ਅਤੇ ਕਲੀਸੀਆ ਦੇ ਬਾਹਰ ਅਤੇ ਕਲੀਸੀਆ ਦੇ ਅੰਦਰ ਅੱਜ ਵੀ ਕੁਝ ਲੋਕਾਂ ਦੇ ਉੱਚੇ ਸਿਧਾਂਤ ਹਨ ਜਿਨ੍ਹਾਂ ਉੱਤੇ ਉਹ ਕਾਇਮ ਰਹਿੰਦੇ ਹਨ। ਜੇ ਨੈਤਿਕਤਾ ਦੇ ਕਾਰਣ ਇਕ ਪਾਪੀ ਸੁਰਗ ਵਿਚ ਲੈ ਜਾਇਆ ਜਾ ਸਕਦਾ ਹੁੰਦਾ ਤਾਂ ਸਲੀਬ ਉੱਤੇ ਯਿਸੂ ਦੀ ਜ਼ਾਲਮ ਮੌਤ ਦੀ ਕੋਈ ਲੋੜ ਨਾ ਹੁੰਦੀ ਅਤੇ ਉਹ ਬੇਕਾਰ ਹੋਣੀ ਸੀ। ਪਰ ਜੇ ਮੁਕਤੀ ਲਈ ਉਸ ਦੇ ਲਹੂ ਦਾ ਹੋਣਾ ਜ਼ਰੂਰੀ ਹੈ ਤਾਂ ਉਸ ਦੀ ਕਲੀਸੀਆ ਦਾ ਹੋਣਾ ਵੀ ਲਾਜ਼ਮੀ ਹੈ ਕਿਉਂਕਿ ਉਸ ਦੇ ਲਹੂ ਨਾਲ ਹੀ ਕਲੀਸੀਆ ਨੂੰ ਖ਼ਰੀਦਿਆ ਗਿਆ ਹੈ (ਰਸੂਲਾਂ ਦੇ ਕੰਮ 20:28)। ਉਸ ਦਾ ਲਹੂ ਇੰਜੀਲ ਦੀ ਗੱਲ ਮੰਨਣ ਵਾਲੇ ਹਰ ਪਾਪੀ ਲਈ ਛੁਟਕਾਰੇ ਦੀ ਕੀਮਤ ਚੁਕਾ ਦਿੰਦਾ ਹੈ ਅਤੇ ਉਹ ਪਾਪੀ ਆਪਣੇ ਪਾਪ ਤੋਂ ਸ਼ੁੱਧ ਹੋ ਕੇ ਉਨ੍ਹਾਂ ਲੋਕਾਂ ਦੀ ਜਮਾਤ ਦਾ ਮੈਂਬਰ ਬਣ ਜਾਂਦਾ ਹੈ ਜਿਹੜੇ ਬਚਾਏ ਜਾ ਚੁੱਕੇ ਹਨ। ਉਹ ਜਮਾਤ ਨਵੇਂ ਨੇਮ ਦੀ ਕਲੀਸੀਆ ਅਖਵਾਉਂਦੀ ਹੈ। ਇਸ ਕਰਕੇ ਉਸ ਜਮਾਤ ਦਾ ਮੈਂਬਰ ਬਣਨ ਦਾ ਮਤਲਬ ਪਿਛਲੇ ਪਾਪਾਂ ਤੋਂ ਮੁਕਤੀ ਜਾਂ ਨਜਾਤ ਪਾਉਣਾ ਹੈ। ਉਸ ਜਮਾਤ ਵਿਚ ਵਫ਼ਾਦਾਰੀ ਦਾ ਮਤਲਬ ਸੁਰਗ ਦੀ ਆਸ ਪਾਉਣਾ ਹੈ। ਉਸ ਜਮਾਤ ਦੇ ਬਾਹਰ ਦਾ ਮਤਲਬ ਮੁਕਤੀ ਦੇ ਬਿਨਾਂ ਅਤੇ ਸੁਰਗ ਦੇ ਵਾਅਦੇ ਤੋਂ ਵਾਂਝੇ ਹੋਣਾ ਹੈ। ਇਹ ਫ਼ਰਕ ਉਸ ਕਲੀਸੀਆ ਨੂੰ ਪਛਾਣਨ ਦੇ ਮਹੱਤਵ ਅਤੇ ਉਸ ਦਾ ਭਾਗ ਬਣਨ ਤੇ ਜ਼ੋਰ ਦਿੰਦਾ ਹੈ।

ਕੁਰਿੰਥੁਸ ਵਿਚ ਯਿਸੂ ਦੀ ਕਹਾਣੀ ਸੁਣ ਕੇ ਪਾਪੀਆਂ ਨੂੰ ਉਸ ਵਿਚ ਡੁਬਕੀ ਦਿੱਤੀ ਗਈ ਹੈ (ਰਸੂਲਾਂ ਦੇ ਕੰਮ 18:8; ਵੇਖੋ ਰੋਮੀਆਂ 6:3–5)। ਉਨ੍ਹਾਂ ਪਾਪੀਆਂ ਨੂੰ ਜਿਨ੍ਹਾਂ ਨੂੰ ਪਿਛਲੇ ਪਾਪਾਂ ਤੋਂ ਸ਼ੁੱਧ ਕੀਤਾ ਗਿਆ ਸੀ, ''ਪਰਮੇਸ਼ੁਰ ਦੀ ਕਲੀਸੀਆ ... ਜਿਹੜੀ ਕੁਰਿੰਥੁਸ ਵਿਚ ਹੈ'' ਕਿਹਾ ਗਿਆ ਸੀ (1 ਕੁਰਿੰਥੀਆਂ 1:2)। ਇਹਦਾ ਮਤਲਬ ਇਹ ਹੋਇਆ ਕਿ ਪਾਪੀ ਭਾਵੇਂ ਕਿਤੇ ਵੀ ਹੋਣ ਯਿਸੂ ਦੀ ਕਹਾਣੀ ਸੁਣ ਕੇ ਵਿਸ਼ਵਾਸ ਦੀ ਆਗਿਆਕਾਰਿਤਾ ਵਿਚ ਆਉਣ ਤੇ (ਰਸੂਲਾਂ ਦੇ ਕੰਮ 16:31; ਰੋਮੀਆਂ 1:5), ਫ਼ੌਰਨ ਲਹੂ ਨਾਲ ਖਰੀਦੇ ਜਾ ਕੇ ਉਸ ਜਮਾਤ ਦੇ ਲੋਕ ਬਣ ਜਾਂਦੇ ਹਨ ਜਿਸ ਨੂੰ ਨਵੇਂ ਨੇਮ ਦੀ ਕਲੀਸੀਆ ਆਖਿਆ ਜਾਂਦਾ ਹੈ।

ਮਾਤਾ ਪਿਤਾ ਵੱਲੋਂ ਨਵਜੰਮੇ ਬੱਚਿਆਂ ਨੂੰ ਬਪਤਿਸਮਾ ਦੁਆਉਣ ਨੂੰ ਬਾਈਬਲ ਮੁਤਾਬਿਕ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਬੱਚੇ ਜਿਹੜੇ ਵਿਸ਼ਵਾਸੀ ਵੀ ਨਹੀਂ ਹਨ, ਨਵੇਂ ਨੇਮ ਦੀ ਕਲੀਸੀਆ ਦੇ ਲੋਕ ਹਨ। ਇਸ ਤੋਂ ਇਲਾਵਾ ਮਾਪੇ ਹੋਣ ਜਾਂ ਬੱਚੇ, ਜੇ ਬਪਤਿਸਮੇ ਵਾਸਤੇ ਉਨ੍ਹਾਂ ਉੱਤੇ ਪਾਣੀ ਤਰੌਂਕਿਆ ਜਾਂਦਾ ਹੈ ਭਾਵ ਜੇ ਉਹ ''ਬਪਤਿਸਮਾ ਪਾਉਣ ਨਾਲ ਉਸ ਦੇ ਨਾਲ ਦਫ਼ਨਾਏ'' ਨਹੀਂ ਗਏ (ਰੋਮੀਆਂ

6:4), ਤਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਨਵੇਂ ਨੇਮ ਦੀ ਕਲੀਸੀਆ ਦੇ ਲੋਕ ਬਣ ਗਏ ਹਨ।

ਜੇ ਕਿਸੇ ਕਲੀਸੀਆ ਦੀ ਸ਼ੁਰੂਆਤ ਨਵੇਂ ਨੇਮ ਦੇ ਲਿਖੇ ਜਾਣ ਦੇ ਬਾਅਦ ਹੋਈ ਹੈ, ਪਰ ਉਸ ਦਾ ਜ਼ਿਕਰ ਕਿਸੇ ਵਿਸ਼ਵਕੋਸ਼ ਜਾਂ ਇਤਿਹਾਸ ਦੀ ਕਿਤਾਬ ਵਿਚ ਮਿਲਦਾ ਹੈ ਤਾਂ ਉਸ ਨੂੰ ਨਵੇਂ ਨੇਮ ਦੀ ਕਲੀਸੀਆ ਨਹੀਂ ਆਖਿਆ ਜਾ ਸਕਦਾ। ਜੇ ਕਿਸੇ ਕਲੀਸੀਆ ਦੀ ਸ਼ੁਰੂਆਤ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਆਉਣ ਵਾਲੇ ਪਹਿਲੇ ਪੈਂਟੀਕਾਸਟ ਵਾਲੇ ਦਿਨ, ਯਰੂਸ਼ਲਮ ਵਿਚ ਨਹੀਂ ਹੋਈ[1] (ਵੇਖੋ ਲੂਕਾ 24:46, 47; ਰਸੂਲਾਂ ਦੇ ਕੰਮ 2:41–47; 11:15), ਤਾਂ ਉਹ ਕਲੀਸੀਆ ਨਵੇਂ ਨੇਮ ਦੀ ਕਲੀਸੀਆ ਹੋਣ ਦਾ ਦਾਅਵਾ ਨਹੀਂ ਕਰ ਸਕਦੀ।

ਜੇ ਕੋਈ ਕਲੀਸੀਆ ਪਿੱਛੇ ਮੁੜ ਕੇ ਇਤਿਹਾਸ ਵੱਲ ਝਾਤ ਮਾਰਦੀ ਹੈ ਕਿ ਉਸ ਦਾ ਮੋਢੀ ਕੋਈ ਆਦਮੀ ਜਾਂ ਔਰਤ ਹੈ ਤਾਂ ਉਹ ਆਪਣੇ ਆਪ ਨੂੰ ਉਹ ਕਲੀਸੀਆ ਹੋਣ ਦਾ ਦਾਅਵਾ ਨਹੀਂ ਕਰ ਸਕਦਾ ਜਿਸ ਨੂੰ ਯਿਸੂ ਨੇ ਬਣਾਇਆ ਸੀ (ਮੱਤੀ 16:18)। ਜੇ ਕੋਈ ਕਲੀਸੀਆ ਨਵੇਂ ਨੇਮ ਦੀਆਂ ਕਿਤਾਬਾਂ ਤੋਂ ਇਲਾਵਾ ਅਕੀਦੇ ਦੀਆਂ ਹੋਰ ਕਿਤਾਬਾਂ ਦੀ ਵਰਤੋਂ ਕਰਦੀ ਹੈ, ਤਾਂ ਉਹ ਨਵੇਂ ਨੇਮ ਦੀ ਕਲੀਸੀਆ ਹੋਣ ਦਾ ਦਾਅਵਾ ਨਹੀਂ ਕਰ ਸਕਦੀ। (ਪੜ੍ਹੋ ਯੂਹੰਨਾ 14:26; 16:13; 1 ਯੂਹੰਨਾ 4:6; 2 ਯੂਹੰਨਾ 7–9.)

ਦੂਜੇ ਪਾਸੇ ਜੇ ਕੋਈ ਕਲੀਸੀਆ ਰੋਟੀ ਤੋੜਨ ਵਾਸਤੇ ਹਫ਼ਤੇ ਦੇ ਪਹਿਲੇ ਦਿਨ ਜਮ੍ਹਾ ਹੁੰਦੀ ਹੈ (ਰਸੂਲਾਂ ਦੇ ਕੰਮ 20:7), ਤਾਂ ਇਹ ਉਸ ਕਲੀਸੀਆ ਵਿਚ ਨਵੇਂ ਨੇਮ ਦੀ ਕਲੀਸੀਆ ਹੋਣ ਦੇ ਲੱਛਣ ਹਨ। ਜੇ ਕਿਸੇ ਕਲੀਸੀਆ ਵਿਚ ਅਜਿਹੇ ਲੋਕ ਹਨ ਜਿਹੜੇ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਦੇ ਕੰਮ ਵਾਸਤੇ ਆਪਣੀ ਆਮਦਨ ਵਿੱਚੋਂ ਦਿੰਦੇ ਹਨ (1 ਕੁਰਿੰਥੀਆਂ 16:1, 2), ਤਾਂ ਇਸ ਕਲੀਸੀਆ ਵਿਚ ਨਵੇਂ ਨੇਮ ਦੀ ਕਲੀਸੀਆ ਅਖਵਾਉਣ ਦਾ ਲੱਛਣ ਹੈ। ਜੇ ਕਲੀਸੀਆ ਜ਼ਬੂਰ, ਭਜਨ ਅਤੇ ਆਤਮਿਕ ਗੀਤ ਗਾਉਣ ਲਈ ਇਕੱਠੀ ਹੁੰਦੀ ਹੈ (ਅਫ਼ਸੀਆਂ 5:19), ਤਾਂ ਇਹ ਨਵੇਂ ਨੇਮ ਦੀ ਕਲੀਸੀਆ ਹੋਣ ਦਾ ਇਕ ਲੱਛਣ ਹੈ। ਬੰਦਗੀ ਦੇ ਇਨ੍ਹਾਂ ਕੰਮਾਂ ਤੋਂ ਇਲਾਵਾ ਜੇ ਕੋਈ ਸਾਜ਼ ਵਜਾਉਣ, ਧੂਪ ਧਖਾਉਣ, ਤਸਵੀਰਾਂ ਜਾਂ ਮੂਰਤੀਆਂ ਨੂੰ ਸਿਜਦਾ ਕਰਨ, ਜਾਂ ਦੁਆ ਦੇ ਨਾਲ ਮੋਮਬੱਤੀਆਂ ਬਾਲਣ ਲਈ ਜਮ੍ਹਾਂ ਹੁੰਦੀ ਹੈ ਤਾਂ ਇਸ ਵਿਚ ਉਹ ਲੱਛਣ ਹਨ ਜੋ ਨਵੇਂ ਨੇਮ ਦੀ ਕਲੀਸੀਆ ਵਿਚ ਨਹੀਂ ਮਿਲਦੇ।

ਜੇ ਕਿਸੇ ਕਲੀਸੀਆ ਵਿਚ ਸ਼ਰਧਾਲੂ ਅਤੇ ਭਗਤ ਲੋਕ ਹਨ ਤਾਂ ਇਸ ਵਿਚ ਨਵੇਂ ਨੇਮ ਦੀ ਕਲੀਸੀਆ ਵਾਲੀ ਇਕ ਖੂਬੀ ਹੈ। ਜੇ ਇਸਦੇ ਲੋਕ ਦੁਨਿਆਵੀ ਹਨ ਅਤੇ ਦੁਨਿਆਵੀ ਖਾਹਿਸ਼ਾਂ ਅਤੇ ਇੱਛਾਵਾਂ ਵੱਲ ਖਿੱਚੇ ਜਾਂਦੇ ਹਨ (ਗਲਾਤੀਆਂ 5:24, 25; 1 ਯੂਹੰਨਾ 2:15), ਤਾਂ ਇਹ ਨਵੇਂ ਨੇਮ ਵਾਲੀ ਵਫ਼ਾਦਾਰ ਕਲੀਸੀਆ ਦੀ ਬਿਲਕੁਲ ਉਲਟ ਤਸਵੀਰ ਹੈ।

ਜੇ ਕੋਈ ਕਲੀਸੀਆ ਇੰਜੀਲ ਦੇ ਪ੍ਰਚਾਰ, ਸੁਧਾਰ ਅਤੇ ਦਾਨ ਦੇ ਤੌਰ ਤੇ ਪ੍ਰਭੂ ਦੇ ਕੰਮ ਵਿਚ ਹੋਰ ਕਲੀਸੀਆਵਾਂ ਨਾਲ ਸਹਿਯੋਗ ਕਰਦੀ ਹੈ (ਰਸੂਲਾਂ ਦੇ ਕੰਮ 11:22–24, 29, 30), ਤਾਂ ਇਹ ਇਸ ਵਿਚਲਾ ਨਵੇਂ ਨੇਮ ਦੀ ਕਲੀਸੀ ਦੀ ਛਾਣ ਵਾਲਾ ਇਕ ਲੱਛਣ ਹੈ। ਜੇ ਇਹ ਦੂਜੀਆਂ ਕਲੀਸੀਆਵਾਂ ਨਾਲ ਸਹਿਯੋਗ ਕਰਨ ਤੋਂ ਇਨਕਾਰ ਕਰਦੀ ਹੈ ਤਾਂ ਇਸ ਵਿਚ ਨਵੇਂ ਨੇਮ ਦੀ ਕਲੀਸੀਆ ਬਣਨ ਵਿਚ ਅਜੇ ਕਮੀ ਹੈ। ਜੇ ਕੋਈ ਕਲੀਸੀਆ ਇੰਜੀਲ ਦੇ ਪ੍ਰਚਾਰ ਵਿਚ (ਫ਼ਿਲਿੱਪੀਆਂ 4:15–17), ਖ਼ੁਦਾ ਦੇ ਲੋਕਾਂ ਨੂੰ ਸਿਖਾਉਣ (ਰਸੂਲਾਂ ਦੇ ਕੰਮ 15:3) ਅਤੇ ਪਰਉਪਕਾਰ ਦੇ ਕੰਮਾਂ ਵਿਚ (ਰਸੂਲਾਂ ਦੇ ਕੰਮ 6:1–6) ਲੋਕਾਂ ਦਾ ਸਹਿਯੋਗ ਕਰਦੀ ਹੈ ਤਾਂ ਇਹ ਨਵੇਂ ਨੇਮ ਦੀ ਕਲੀਸੀਆ ਹੋਣ ਦਾ ਉਸ ਦਾ ਇਕ ਲੱਛਣ ਹੈ। ਜੇ ਇਹ ਅਜਿਹੇ ਸਹਿਯੋਗ ਤੋਂ ਇਨਕਾਰ ਕਰਦੀ ਹੈ ਤਾਂ ਨਵੇਂ ਨੇਮ ਦੀ ਸਿੱਖਿਆ ਨਾਲ ਮੇਲ ਖਾਂਦੇ ਹੋਣ ਵਿਚ ਅਜੇ ਇਸ ਵਿਚ ਕਮੀ ਹੈ।

ਜੇ ਕਿਸੇ ਕਲੀਸੀਆ ਦਾ ਨਾਂਅ ਹੈ, ਪਰ ਉਸ ਵਿਚ ਨਵੇਂ ਨੇਮ ਦੀ ਕਲੀਸੀਆ ਹੋਣ ਦੀ ਘਾਟ ਹੈ। ਇਸ ਤੋਂ ਇਲਾਵਾ ਇਸ ਨੇ ਆਪਣੇ ਆਪ ਨੂੰ ਡਿਨੋਮੀਨੇਸ਼ਨ ਵਾਲਾ, ਕੋਈ ‘‘ਨਾਂਅ’’ ਦਿੱਤਾ ਹੈ

ਤਾਂ ਇਸ ਨੇ ਆਪਣੇ ਆਪ ਨੂੰ ਡਿਨੋਮੀਨੇਸ਼ਨ ਹੀ ਬਣਾ ਲਿਆ ਹੈ। ਕਿਸੇ ਚੀਜ਼ ਨੂੰ ਡਿਨੋਮਿਨੇਟ ਕਰਨ ਜਾਂ ਨਾਂਅ ਦੇਣ ਤੋਂ ਭਾਵ ਉਸ ਨੂੰ ਵੰਡਣਾ ਹੁੰਦਾ ਹੈ। ਕਲੀਸੀਆ ਦੇ ਨਾਂਅ ਲਈ ਨਵੇਂ ਨੇਮ ਵਿੱਚੋਂ ਭਾਲਣਾ ਫ਼ਜ਼ੂਲ ਹੈ ਕਿਉਂਕਿ ਇਹ ਡਿਨੋਮੀਨੇਸ਼ਨ ਭਾਵ ਬਿਨਾਂ ਕਿਸੇ ਨਾਂਅ ਦੇ ਹੈ।[2]

---

ਟਿੱਪਣੀਆਂ

[1]''ਯਿਸੂ ਦੇ ਜਨਮ ਦੇ ਸਮੇਂ ਤੇ ਕਾਫ਼ੀ ਉਲਝਣ ਪਾਈ ਜ਼ਾਂਦੀ ਹੈ। ਉਸ ਦਾ ਜਨਮ 1 ਈਸਵੀ ਨੂੰ 25 ਦਿਸੰਬਰ ਵਾਲੇ ਦਿਨ ਨਹੀਂ ਹੋਇਆ ਸੀ। ਯਿਸੂ ਦੇ ਜਨਮ ਦੇ ਤਕਰੀਬਨ ਛੇ ਸਦੀਆਂ ਬਾਅਦ ਇਸ ਘਟਨਾ ਨਾਲ ਇਤਿਹਾਸ ਦਾ ਸਬੰਧ ਜੋੜਨ ਦੀ ਕੋਸ਼ਿਸ਼ ਕੀਤੀ ਗਈ ਸੀ। ਡਾਇਓਨਿਸਿਉਸ ਐਕਸਿਜੀਉਸ ਨੇ ਆਪਣੇ ਖ਼ਿਆਲ ਨਾਲ ਇਤਿਹਾਸ ਵਿਚ ਵਾਪਸ ਜਾ ਕੇ ਜਿਹੜੀ ਤਰੀਕ ਉਸ ਨੂੰ ਸਹੀ ਲੱਗੀ ਉਹੀ ਠਹਿਰਾ ਦਿੱਤੀ। ਉਸ ਦੀਆਂ ਗਣਨਾਂਵਾਂ ਦੇ ਅਧਾਰ ਤੇ, ਮਸੀਹੀ ਕੈਲੰਡਰ ਬਣਾਇਆ ਗਿਆ ਸੀ ਜੋ ਅੱਜ ਵੀ ਚਲਨ ਵਿਚ ਹੈ। ਦਿੱਕਤ ਇਸ ਤੱਥ ਵਿਚ ਹੈ ਕਿ ਜਿਹੜੀ ਤਰੀਕ ਉਸ ਨੇ ਠਹਿਰਾਈ ਸੀ ਉਹ ਬਾਅਦ ਵਿਚ ਗ਼ਲਤ ਸਾਬਤ ਹੋ ਗਈ ਸੀ। ਉਸ ਨੂੰ ਚਾਰ ਪੰਜ ਸਾਲ ਹੋਰ ਪਿੱਛੇ ਜਾਣਾ ਚਾਹੀਦਾ ਸੀ। ਉਸਦਾ ਜਨਮ 5 ਈ. ਪੂ. ਜਾਂ 4 ਈ. ਪੂ. ਵਿਚ ਹੋਇਆ ਸੀ। ਵਿਦਵਾਨ ਇਸ ਤਰੀਕ ਵਿਚ ਆਪਣੇ ਇਸ ਵਿਸ਼ਵਾਸ ਦੀ ਬੁਨਿਆਦ ਕਈ ਸਬੂਤਾਂ ਨੂੰ ਮੰਨਦੇ ਹਨ, ਜਿਵੇਂ ਕਿ ਹੇਰੋਦੇਸ ਦੀ ਮੌਤ ਦਾ ਸਮਾਂ, ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸ਼ੁਰੂਆਤ, ਹੈਕਲ ਦਾ ਬਣਨਾ ਆਦਿ। ਤਰਕ ਦੇਣ ਦੀ ਕੋਸ਼ਿਸ਼ ਕੀਤੇ ਬਗੈਰ ਅਸੀਂ ਆਖ ਸਕਦੇ ਹਾਂ ਕਿ ਵਿਦਵਾਨ ਇਸ ਫ਼ੈਸਲੇ ਵਿਚ ਵਿਹਾਰਕ ਤੌਰ ਤੇ ਅਸਪੱਸ਼ਟ ਹਨ'' (ਐਚ. ਆਈ. ਹੇਸਟਰ, *ਦ ਹਾਰਟ ਆਫ਼ ਦ ਨਿਊ ਟੈਸਟਾਮੈਂਟ* [ਲਿਬਰਟੀ, ਮਿਜ਼ੋਰੀਃ ਕੁਆਲਿਟੀ ਪ੍ਰੈਸ, 1963], 99); ''ਜੋਸੇਫ਼ਸ ਨੇ ਲਿਖਿਆ ਹੈ ਕਿ ਹੇਰੋਦੇਸ ਦੀ ਮੌਤ ਦੇ ਫ਼ੌਰਨ ਬਾਅਦ ਚੰਨ ਨੂੰ ਗ੍ਰਹਿਣ ਲੱਗਾ ਸੀ (ਐਂਟੀਕੁਇਟੀਜ਼ XVII. vi. 4 [167])। ਇਸ ਗ੍ਰਹਿਣ ਦੀ ਤਰੀਕ 12/13 ਈ. ਪੂ. ਮੰਨੀ ਜਾਂਦੀ ਹੈ। ... ਜਿਸ ਕਾਲਕ੍ਰਮ ਪ੍ਰਣਾਲੀ ਦੀ ਵਰਤੋਂ ਅਸੀਂ ਕਰਦੇ ਹਾਂ ਉਸਦੀ ਵਰਤੋਂ ਡਾਇਓਨਿਸਿਉਸ ਨੇ ਛੇਵੀਂ ਸਦੀ ਵਿਚ ਕੀਤੀ ਸੀ (ਲਗਭਗ 500–550 ਈ.) ਜਿਸਨੇ ਪਹਿਲਾਂ ਵਰਤੇ ਜਾਣ ਵਾਲੇ ਡਿਉਕਲੀਸ਼ਅਨ ਕਾਲ ਨੂੰ ਛੱਡ ਦਿੱਤਾ ਸੀ। ਆਪਣੀ ਪ੍ਰਣਾਲੀ ਵਿਚ ਡਾਇਓਨਿਸਿਉਸ ਨੇ ਗਣਨਾ ਕੀਤੀ ਕਿ ਰੋਮ ਦੀ ਸਥਾਪਨਾ ਤੋਂ 1 ਈਸਵੀ ਅਤੇ 754 ਸਾਲ ਮਿਲਦੇ ਜੁਲਦੇ ਹਨ; ਪਰ ਉਸਦੀ ਗਣਨਾ ਵਿਚ ਇਕ ਗਲਤੀ ਤੋਂ ਛੁੱਟ ਉੱਪਰ ਦੀਆਂ ਹੀ ਜੋਸੇਫ਼ਸ ਦੀ ਜਾਣਕਾਰੀ ਦੇ ਬਾਅਦ ਦੇ ਕਾਲ ਵਿਚ ਪੂਰਾ ਕਰਨ ਤੇ ਇਹ ਸਮਝਣ ਲਈ ਦਬਾਅ ਪਾਇਆ ਗਿਆ ਕਿ ਯਿਸੂ ਦਾ ਜਨਮ, ਜੋ ਹੇਰੋਦੇਸ ਦੀ ਮੌਤ ਤੋਂ ਪਹਿਲਾਂ ਹੋਇਆ ਸੀ, 4 ਈਸਵੀ ਦੇ ਬਾਅਦ ਨਹੀਂ ਹੋ ਸਕਦਾ'' (ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਯੂ,* ਭਾਗ 1, ਦ ਲਿਵਿੰਗ ਵਰਡ ਕਮੈਂਟਰੀ [ਆਸਟਿਨ, ਟੈਕਸਸਃ ਸਵੀਟ ਪਬਲਿਸ਼ਿੰਗ ਕੰ., 1976], 50, 51)।

[2]NASB ਦੇ ਮੁਤਾਬਿਕ ਪ੍ਰਭੂ ਦੀ ਕਲੀਸੀਆ ਲਈ ਹੇਠ ਦਿੱਤੇ ਨਾਂਅ ਦੱਸੇ ਗਏ ਹਨਃ (1) ''my church'' ਭਾਵ ਆਪਣੀ ਕਲੀਸੀਆ (ਮੱਤੀ 16:18), 1 ਵਾਰ, (2) ''the church'' ਭਾਵ ''ਕਲੀਸੀਆ'' (ਮੱਤੀ 18:17), 63 ,ਜਾਂ ''ਕਲੀਸੀਆਵਾਂ,''29 , (3) ''ਪਰਮੇਸ਼ੁਰ ਦੀ ਕਲੀਸੀਆ'' (1 ਕੁਰਿੰਥੀਆਂ 1:2), ਲਗਭਗ 9 ਵਾਰ; ''ਪਰਮੇਸ਼ੁਰ ਦੀਆਂ ਕਲੀਸੀਆਵਾਂ'' ਤਿੰਨ ਵਾਰ, (4) ''ਪਰਾਈਆਂ ਕੌਮਾਂ ਦੀਆਂ ਕਲੀਸੀਆਵਾਂ'' (ਰੋਮੀਆਂ 16:4), 1 ਵਾਰ, (5) ''ਮਸੀਹ ਦੀਆਂ ਕਲੀਸੀਆਵਾਂ'' (ਰੋਮੀਆਂ 16:16), 1 ਵਾਰ, (6) ''ਸੰਤਾਂ ਦੀਆਂ ਕਲੀਸੀਆਵਾਂ'' (1 ਕੁਰਿੰਥੀਆਂ 14:33), ਇਕ ਵਾਰ, (7) ''ਪਹਿਲੌਠਿਆਂ ਦੀ ਕਲੀਸੀਆ'' (ਇਬਰਾਨੀਆਂ 12:23), ਇਕ ਵਾਰ।

ਇਸ ਤਰ੍ਹਾਂ ਕਲੀਸੀਆ ਦੇ ਸੱਤ ਵੱਖੋ ਵੱਖ ਨਾਂਅ ਜੋ ਉਨ੍ਹਾਂ ਵਿਚ ਪਾਏ ਜਾਣ ਵਾਲੇ ਲੋਕਾਂ ਨੂੰ, ਉਨ੍ਹਾਂ ਦੀ ਬੁਲਾਹਟ ਨੂੰ ਅਤੇ ਉਨ੍ਹਾਂ ਦੀ ਮਾਲਕੀ ਨੂੰ ਵਿਖਾਉਂਦਿਆਂ, ਪਰ ਕੋਈ ਨਾਂਅ ਨਾ ਦਿੰਦਿਆਂ ਮਿਲਦੇ ਹਨ। ਜਦ ਕੋਈ ਨਵੇਂ ਨੇਮ ਦੀ ਕਲੀਸੀਆ ਨੂੰ ਨਾਂਅ ਦਿੰਦਾ ਹੈ ਤਾਂ ਉਹ ਕੰਮ ਕਰ ਰਿਹਾ ਹੁੰਦਾ ਹੈ ਜਿਹੜਾ ਆਤਮਾ ਨੇ ਨਹੀਂ ਕੀਤਾ।